ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ਼ਏਐਸ ਨਗਰ।
(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

1 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
3 ਸਮੂਹ ਪ੍ਰਿੰਸੀਪਲ, ਡਾਇਟ, ਪੰਜਾਬ।
4 ਸਮੂਹ ਪ੍ਰਿੰਸੀਪਲ, ਇੰਨ ਸਰਵਿਸ ਟ੍ਰੇਨਿੰਗ ਸੇਟਰ, ਪੰਜਾਬ।

ਮੀਮੋ ਨੰ: 15/5-2017 ਕੋ ਸੈਲ (1)/14
ਮਿਤੀ: 06-01-2017

ਵਿਸ਼ਾ: ਚੋਣ ਕਮਿਸ਼ਨ, ਪੰਜਾਬ ਦੀਆਂ ਹਦਾਇਤਾਂ ਅਤੇ ਚੋਣਾ ਦੌਰਾਨ ਪ੍ਰਾਪਤ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਇੰਨ ਬਿੰਨ੍ਹ ਪਾਲਣਾ ਕਰਨ ਲਈ ਆਪ ਸਭ ਨੂੰ ਹੇਠ ਅਨੁਸਾਰ ਲਿਖਿਆ ਜਾਂਦਾ ਹੈ:

1 ਇਹ ਯਕੀਨੀ ਬਣਾਇਆ ਜਾਵੇ ਕਿ ਜਿਹੜੇ ਸਰਕਾਰੀ ਅਧਿਕਾਰੀ/ਕਰਮਚਾਰੀ ਪ੍ਰੈਸ ਰਿਪੋਰਟਰ ਦਾ ਕੰਮ ਕਰਦੇ ਹਨ, ਉਹ ਚੋਣ ਜਾਬਤੇ ਦੌਰਾਨ ਕਿਸੇ ਵੀ ਤਰ੍ਹਾਂ ਦੀ ਪ੍ਰੈਸ ਰਿਪੋਰਟਿੰਗ ਦਾ ਕੰਮ ਨਾ ਕਰਨ।

2. ਚੋਣ ਜਾਬਤੇ ਦੌਰਾਨ ਕੋਈ ਅਜਿਹੀ ਕ੍ਰਿਆ (ਫਵਜਡਜਵਖ) ਨਾਂ ਕੀਤੀ ਜਾਵੇ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਚੋਣ ਜਾਬਤੇ ਦੀ ਉਲੰਘਣਾਂ ਕਰਦੀ ਹੋਵੇ।

3 ਮੰਡਲ/ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਦੱਸੇ ਬਿਨ੍ਹਾਂ ਆਪਣਾ ਸਟੇਸ਼ਨ ਨਾ ਛੱਡਣ ਅਤੇ ਕੋਈ ਛੁੱਟੀ ਨਾ ਲਈ ਜਾਵੇ।

4 ਆਪਣੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਸ ਚੋਣ ਪ੍ਰਕ੍ਰਿਆ ਦੌਰਾਨ ਕਿਸੇ ਤਰ੍ਹਾਂ ਦੀ ਵੀ ਕੋਈ ਛੁੱਟੀ ਭਾਵ ਵਿਦੇਸ਼/ਚਾਈਲਡ ਕੇਅਰ ਲੀਵ/ਕੋਈ ਹੋਰ ਛੁੱਟੀ ਮਨਜੂਰ ਨਾ ਕੀਤੀ ਜਾਵੇ ਅਤੇ ਨਾ ਹੀ ਇਸ ਬਾਰੇ ਮੁੱਖ ਦਫਤਰ ਨੂੰ ਕੋਈ ਗਕਕਿਗਕਅਫਕ ਭੇਜਿਆ ਜਾਵੇ।

5 ਇਹ ਯਕੀਨੀ ਬਣਾਇਆ ਜਾਵੇ ਕਿ ਆਪਦੇ ਮੰਡਲ/ਜਿਲ੍ਹੇ/ਦਫਤਰ ਦਾ ਕੋਈ ਵੀ ਅਧਿਕਾਰੀ/ਕਰਮਚਾਰੀ ਕਿਸੇ ਕਿਸਮ ਦੀ ਸਿਆਸੀ ਗਤੀਵਿਧੀ ਵਿੱਚ ਹਿੱਸਾ ਨਾ ਲਵੇ।

6 ਚੋਣ ਪ੍ਰਕ੍ਰਿਆ ਦੌਰਾਨ ਪ੍ਰਾਪਤ ਸ਼ਿਕਾਇਤਾਂ ਦਾ 24 ਘੰਟੇ ਦੇ ਅੰਦਰ ਅੰਦਰ ਨਿਪਟਾਰਾ ਕੀਤਾ ਜਾਵੇ। ਅਖਬਾਰ ਵਿੱਚ ਛੱਪੀ ਵਿਭਾਗੀ ਖਬਰ/ਸਿਕਾਇਤ ਬਾਰੇ ਤਰਰ-ਠਰਵਰ ਅਰਵਜਫਕ ਲੈਂਦੇ ਹੋਏ ਉਸ ਬਾਰੇ ਬਣਦੀ ਅਗਲੀ ਕਾਰਵਾਈ ਤੁਰੰਤ ਯਕੀਨੀ ਬਣਾਈ ਜਾਵੇ।

7 ਦਫਤਰੀ ਸਮੇ ਤੋ ਬਾਅਦ ਅਤੇ ਗਜਟਿਡ ਛੁੱਟੀਆਂ ਦੌਰਾਨ ਚੋਣ ਕਮਿਸ਼ਨ ਵੱਲੋਂ ਪ੍ਰਾਪਤ ਸਿਕਾਇਤਾਂ ਦਾ ਨਿਪਟਾਰਾ ਕਰਨ ਲਈ ਇੱਕ ਜਿੰਮੇਵਾਰ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਅਤੇ ਇਸ ਦੇ ਨਾਲ ਹੀ ਸਿਕਾਇਤਾਂ ਨੂੰ ਮਿੱਥੇ ਸਮੇ ਦੌਰਾਨ ਸਹੀ ਢੰਗ ਨਾਲ ਡੀਲ ਕਰਨ ਅਤੇ ਨਿਪਟਾਉਣ ਲਈ ਇੱਕ ਵਿਸੇਸ ਸੈਲ ਦੀ ਸਥਾਪਨਾ ਕਰਕੇ ਇਸ ਦਫਰਤ ਨੂੰ ਸੂਚਿਤ ਕੀਤਾ ਜਾਵੇ।

8 ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਦੀ ਸਿਕਾਇਤ ਦਾ ਨਿਪਟਾਰਾ ਮੁੱਖ ਦਫਤਰ ਵੱਲੋਂ ਕੀਤਾ ਜਾਣਾ ਹੋਵੇ ਤਾਂ ਤੁਰੰਤ ਇਸ ਦਫਤਰ ਦੀ ਈ-ਮੇਲ ਦ iccdpise@gmail.com ਤੇ ਸੂਚਿਤ ਕੀਤਾ ਜਾਵੇ।

9 ਉਪਰੋਕਤ ਤੋ ਇਲਾਵਾ ਚੋਣ ਕਮਿਸ਼ਨ, ਪੰਜਾਬ ਵੱਲੋ ਸਮੇ ਸਮੇ ਤੇ ਜੋ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ/ਕੀਤੀਆਂ ਜਾਣਗੀਆਂ, ਉਨ੍ਹਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਸਹੀ/-
ਨੋਡਲ ਅਫਸਰ ਚੋਣਾ
ਦ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

ਪਿੰ: ਅੰ: ਨੰ: ਉਕਤ ਮਿਤੀ: 06-01-2017

ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1 ਨਿੱਜੀ ਸਕੱਤਰ/ਵਧੀਕ ਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3 ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।
4 ਡਾਇਰੈਕਟਰ ਐਸ਼ਸੀਈਆਰਟੀ, ਪੰਜਾਬ।
5 ਤਕਨੀਕੀ ਸਿੱਖਿਆ ਸਲਾਹਕਾਰ, ਪੰਜਾਬ, ਦਫਤਰ ਡੀਪੀਆਈ (ਸੈਸਿ), ਪੰਜਾਬ।
6 ਖੇਤੀਬਾੜੀ ਸਲਾਹਕਾਰ, ਪੰਜਾਬ, ਦਫਤਰ ਡੀਪੀਆਈ (ਸੈਸਿ), ਪੰਜਾਬ।
7 ਸਮੂਹ ਅਧਿਕਾਰੀ/ਸ਼ਾਖਾ ਮੁੱਖੀ, ਦਫਤਰ ਡੀਪੀਆਈ (ਸੈਸਿ), ਪੰਜਾਬ।
8 ਪੀਏ/ਡੀਪੀਆਈ (ਸੈਸਿ), ਪੰਜਾਬ।

ਸਹੀ/-
ਨੋਡਲ ਅਫਸਰ ਚੋਣਾ
ਦ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ